This question paper consists of 24 questions and 7 printed pages.
ਇਸ ਪ੍ਰਸ਼ਨ-ਪੱਤਰ ਵਿੱਚ 24 ਪ੍ਰਸ਼ਨ ਅਤੇ 7 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ | | | | | | | | | | | | |

Code No. 55/SS/O/P
ਕੋਡ ਨੰ.

Set - **A**

PUNJABI

ਪੰਜਾਬੀ

(310)

Day and Date of Examination

ਪਰਿਖਿਆ ਦਾ ਦਿਨ ਅਤੇ ਮਿੱਤੀ _____

Signature of Invigilators

ਨਿਰੀਖਕਾਂ ਦੇ ਦਸਖ਼ਤ 1. _____

2. _____

ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ । ਇਹ ਵਿ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

3 ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ । ਸਾਰੇ ਪ੍ਰਸ਼ਨ ਪੱਤਰ ਜਿਸ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

4 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

5 ਉੱਤਰ ਪੁਸਤਕ ਦੇ ਪ੍ਰਸ਼ਨ ਪੁਸਤਕ ਦਾ ਨੰਬਰ **55/SS/O/P-A** ਜ਼ਰੂਰ ਲਿਖੋ ।

PUNJABI

ਪੰਜਾਬੀ

(310)

Time : **3** Hours] [Maximum Marks : **100**

ਸਮਾਂ : **3** ਘੰਟੇ] [ਕੁਲ ਅੰਕ : **100**

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ ਨੌਂ (24) ਤੋਂ ਵਿੱਕਲਪ ਦਿੱਤੇ ਗਏ ਹਨ ।

(iii) ਲਿਖਾਈ ਸ਼ੁਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1×8=8**

1 ''ਸਉ ਮਨੁ ਹਸਤੀ ਘਿਉ ਗੁੜਖਾਵੈ'' ਦਾ ਕਵੀ ਕੌਣ ਹੈ ?

2 ਭੂਆ ਕਹਾਣੀ ਦਾ ਲੇਖਕ ਬਿਸਤਰੇ ਤੇ ਲੰਮਾ ਪਿਆ ਔਖਾ ਕਿਉਂ ਮਹਿਸੂਸ ਕਰ ਰਿਹਾ ਹੈ ?

3 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਅੰਤ ਵਿੱਚ ਭੈਣ ਭਰਾ ਨੂੰ ਕੀ ਦਿਲਾਸਾ ਦੇ ਕੇ ਡਰ ਦੂਰ ਕਰਦੀ ਹੈ ?

4 ਗਰੀਬ ਮੁੰਡੇ ਤੋਂ ਬਲਰਾਜ ਸਾਹਨੀ ਜੀ ਇਹ ਗੱਲ ਸੁਣਕੇ ਕਿ ਉਸ ਦੇ ਚਾਚਾ ਘੋਗੀ ਜੀ ਪਿੰਡ ਵਿੱਚ ਕਾਂਗਰਸ ਦੇਵਾਕਾਰ ਸਨ, ਕੀ ਮਹਿਸੂਸ ਕਰਦੇ ਹਨ ?

5 ਤਿੰਨ ਸਾਲ ਪਹਿਲਾ ਰਾਮੂ ਬਾਬਾ ਜੀ ਪਾਸ ਆਪਣੇ ਪਿੰਡ ਤੋਂ ਕਿਵੇਂ ਪਹੁੰਚਿਆ ਸੀ ?

6 ਲੋਕਗੀਤ ਕਿਸੇ ਸਭਿਆਚਾਰਕ ਸਮੂਹ ਦੀ ਕਿਸ ਦਸ਼ਾ ਦਾ ਪਰਗਟਾਵਾ ਕਰਦੇ ਹਨ ?

7 ਗੁਰਮੁਖੀ ਲਿੱਪੀ ਵਿੱਚ ਕਿੰਨੇ ਅਤੇ ਕਿਹੜੇ ਕਿਹੜੇ ਅੱਖਰ ਸਵਰ ਹਨ ?

8 ਅਖਾਣਾਂ ਵਿੱਚ ਵਿਚਾਰਸ਼ੀਲ ਮਨੁਖਾ ਦੇ ਅਨੁਭਵ ਦੇ ਨਾਲ ਨਾਲ ਹੋਰ ਕੀ ਹੁੰਦੀ ਹੈ ?

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : 1×10=10

9 ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਕਿਸ ਦੇ ਨਾਂ ਤੇ ਜਿਉਂਦਾ ਹੈ ?

(A) ਹਿੰਦੂ (B) ਮੁਸਲਮਾਨ

(C) ਜਨਤਾ (D) ਗੁਰੂ

10 ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਾਰਸ਼ਾਹ ਵਿੱਚ ਡੰਗ ਕਿਸ ਦਾ ਪ੍ਰਤੀਕ ਹੈ ?

(A) ਪਿਆਰ ਦਾ (B) ਧਰਮ ਦਾ

(C) ਫ਼ਿਰਕਾ ਪ੍ਰਸਤੀ ਦਾ (D) ਸਤਿਕਾਰ ਦਾ

11 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆਂ ਨੂੰ ਕਿਸ ਤੋਂ ਡਰ ਲਗਦਾ ਹੈ :

(A) ਜੰਗਲ ਤੋਂ (B) ਸੁੰਨਸਾਨ ਥਾਂ ਤੋਂ

(C) ਰਾਸ਼ੇ ਤੋਂ (D) ਪਠਾਣ ਤੋਂ

12 ਗੱਡੀ ਚੜ੍ਹਣ ਤੋਂ ਪਹਿਲਾ 'ਰਾਸੂ' ਸ਼ਹਿਰ ਵਿੱਚ ਕਿਸ ਨੂੰ ਮਿਲਣਾ ਚਾਹੁੰਦਾ ਹੈ :

(A) ਗੁਰਜੀਤ ਨੂੰ (B) ਕੁਲਦੀਪ ਨੂੰ

(C) ਮਨਜੀਤ ਨੂੰ (D) ਅਮਨਦੀਪ ਨੂੰ

13 ਮੇਲਾ ਸ਼ਬਦ ਦਾ ਸਹੀ ਵਿਕਲਪ ਕੀ ਹੈ ?

(A) ਗੁਫ਼ਤਗੂ (B) ਮੁਲਾਕਾਤਾਂ

(C) ਮਿਲਣੀ (D) ਮੇਲਮਿਲਾਪ

14 ਜੰਗ ਦੇ ਮੈਦਾਨ ਵਿੱਚ ਚਿੱਟੇ ਝੰਡੇ ਦਾ ਕੀ ਮਤਲਬ ਹੁੰਦਾ ਹੈ ?

(A) ਯੁੱਧ ਬੰਦੀ

(B) ਸਾਂਤੀ ਅਤੇ ਅਹਿੰਸਾ

(C) ਸੇਵਾ ਕਰਨਾ

(D) ਹੌਸਲਾ

15 ਪੰਜਾਬ ਵਿੱਚ ਸਭ ਤੋਂ ਵੱਧ ਸਰਦੀ ਕਿਹੜੇ ਮਹੀਨੇ ਵਿੱਚ ਪੈਂਦੀ ਹੈ ?

(A) ਕੱਤਕ

(B) ਫੱਗਣ

(C) ਪੋਹ

(D) ਮਾਘ

16 ਸ਼ਬਦ ਰਚਨਾ ਤੋਂ ਕੀ ਭਾਵ ਹੈ ?

(A) ਸ਼ਬਦਾਂ ਤੋਂ ਹੀ ਵਾਕਾਂ ਦੀ ਰਚਨਾ ਹੁੰਦੀ ਹੈ ।

(B) ਸ਼ਬਦਾਂ ਦਾ ਵਿਸਥਾਰ ।

(C) ਇੱਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣ ਦੀ ਕਿਰਿਆ ।

(D) ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਸ਼ਬਦ ਰਚਨਾ ਕਿਹਾ ਜਾਂਦਾ ਹੈ ।

17 ਅਸੰਭਵ ਸ਼ਬਦ ਦਾ ਵਿਰੋਧੀ ਸ਼ਬਦ ਹੈ :

(A) ਆਸਾਨ

(B) ਔਖਾ

(C) ਸੰਭਵ

(D) ਨਾ ਮੁਮਕਿਨ

18 ਆਕਾਸ਼ ਦਾ ਸਹੀ ਸਮਾਨਾਰਥਕ ਸ਼ਬਦ ਹੈ :

(A) ਧਰਤੀ

(B) ਪ੍ਰਮਾਤਮਾ

(C) ਆਸਮਾਨ

(D) ਤਾਰਾ ਮੰਡਲ

19 ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਤੋਂ 2×10=20
30-40 ਸ਼ਬਦਾਂ ਵਿੱਚ ਲਿਖੋ :

(a) ''ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਊ'' ਤੋਂ ਬਾਬਾ ਫ਼ਰੀਦ ਜੀ ਦਾ ਕੀ ਭਾਵ ਹੈ ?

(b) 'ਪੀਲੂ' ਦੇ ਕਿੱਸੇ ਵਿੱਚ ਮਿਰਜ਼ਾ ਆਪਣੀ ਬੱਕੀ ਦੀ ਤਾਰੀਫ਼ ਕਿਵੇਂ ਕਹਿਕੇ ਸ਼ਾਹਿਬਾਂ ਨੂੰ ਦੱਸਦਾ ਹੈ ?

(c) ਪਰਮੇਸ਼ਵਰ ਦੇ ਸੇਵਕ ਸਾਥੀ ਨਾਇਕ (ਬਾਬਾ ਨਾਨਕ) ਨੂੰ ਵੇਈਂ ਨਦੀ ਤੋਂ ਕਿੱਥੇ ਲੈ ਗਏ ਸਨ ?

(d) ਸਿੱਖ ਇਤਿਹਾਸ ਵਿੱਚ ਭਾਈ ਘਨ੍ਹਈਆ ਜੀ ਦੀ ਕਿਹੋ ਜਿਹੀ ਸ਼ਖਸ਼ੀਅਤ ਹੈ ?

(e) ਪੰਜਾਬੀ ਦੀਆਂ ਕੋਈ ਚਾਰ ਪ੍ਰਮੁੱਖ ਅਖਬਾਰਾਂ ਦੇ ਨਾਂ ਲਿਖੋ ।

(f) ਖ਼ਬਰ ਲਿਖਣ ਤੋਂ ਪਹਿਲਾਂ ਕਿਹੜੀ ਗੱਲ ਜਾਣ ਲੈਣੀ ਚਾਹੀਦੀ ਹੈ ?

(g) ਸ: ਗੁਰਬਖ਼ਸ ਸਿੰਘ ਪ੍ਰੀਤ ਲੜੀ ਅਨੁਸਾਰ ਜਿਹੜਾ ਬੰਦਾਂ 'ਵਕਤ' ਖੁੰਜਾਹ ਦਿੰਦਾ ਹੈ, ਫਿਰ ਉਸ ਨੂੰ ਕੀ ਮੁਸ਼ਕਿਲ ਪੈਂਦੀ ਹੈ ?

(h) ਨਾਨਕ ਸਿੰਘ ਨੇ 'ਭੂਆ' ਕਹਾਣੀ ਵਿੱਚ ਪੇਂਡੂ ਪੰਜਾਬੀ ਸਭਿਆਚਾਰ ਵਿੱਚ ਪ੍ਰਾਹੁਣਚਾਰੀ ਦੇ ਕਿਹੜੇ-ਕਿਹੜੇ ਵਿਲੱਖਣ ਪੱਖ ਦਰਸਾਏ ਹਨ ?

(i) ਪੇਸੀ ਦੇ ਨਿਆਣੇ ਕਹਾਣੀ ਵਿੱਚ ਭੈਣ ਦੁਆਰਾ ਸੁਣਾਈ ਗਈ ਕਹਾਣੀ ਵਿੱਚ ਰਾਣੀ ਰਾਜੇ ਤੋਂ ਕਿਹੜਾ ਵਾਅਦਾ ਮੰਗਦੀ ਹੈ ਤੇ ਕਿਉਂ ?

(j) 'ਕੁਲਫ਼ੀ' ਕਹਾਣੀ ਵਿੱਚ, ''ਕੁਝ ਵੰਡ ਸੁਦੇਣੇ ਕਾਇਰ ਪਿਉ ਦੇ ਘਰ ਬਹਾਦਰ ਮੁੰਡਾ ਜੰਮਿਐ'' ਇਹ ਸ਼ਬਦ ਕੌਣ ਕਿਸ ਨੂੰ ਕਹਿੰਦਾ ਹੈ ?

20 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : 5×3=15

(a) ਪ੍ਰਿੰਸੀਪਲ ਤੇਜਾਸਿੰਘ ਅਨੁਸਾਰ 'ਸਾਊਪੁਣਾ' ਕੀ ਹੈ ?

(b) ਭਾਈ ਘਨ੍ਹਈਆ ਜੀ ਇਕਾਂਗੀ ਦੇ ਸਿਰਲੇਖ ਬਾਰੇ 100-125 ਸ਼ਬਦਾਂ ਵਿੱਚ ਲਿਖੋ ।

(c) 'ਵਿਸਾਖੀ' ਦਾ ਤਿਉਹਾਰ ਇਤਿਹਾਸਕ ਅਤੇ ਧਾਰਮਿਕ ਦੋਹਾਂ ਪੱਖਾਂ ਤੋਂ ਮਨਾਇਆ ਜਾਂਦਾ ਹੈ । ਇਸ ਬਾਰੇ 100-125 ਸ਼ਬਦਾਂ ਵਿੱਚ ਲਿਖੋ ।

21 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : 8×2=16

(a) ਬਾਬੂ ਫ਼ੀਰੋਜਦੀਨ ਦੇ ਗੀਤ 'ਪੰਜਾਬ' ਦਾ ਉਦੇਸ਼ ਆਪਣੇ ਸ਼ਬਦਾਂ ਵਿੱਚ ਲਿਖੋ, ਉਸ ਗੀਤ ਦੇ ਬੋਲਾਂ ਵਿੱਚੋਂ ਇੱਕ ਦੋ ਪੰਗਤੀਆਂ ਵੀ ਲਿਖੋ ।

(b) ਟੈਲੀਵਿਜ਼ਨ ਇੱਕ ਵੱਡਾ ਸੰਚਾਰ ਸਾਧਨ ਹੈ । ਇਸ ਬਾਰੇ ਵਿਸਥਾਰ ਨਾਲ ਲਿਖੋ । ਜੋ ਕਿ 150-175 ਸ਼ਬਦਾਂ ਦਾ ਹੋਵੇ ।

22 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਇੱਕ ਭਾਵਪੂਰਤ ਲੇਖ ਲਿਖੋ : 10

(i) ਬੇਰੁਜ਼ਗਾਰੀ ਦੀ ਸਮੱਸਿਆ ।

(ii) ਵੱਧਦੀ ਆਬਾਦੀ ਦੀ ਸਮੱਸਿਆ ।

(iii) ਮਨਿ ਜੀਤੈ ਜਗੁ ਜੀਤ ।

(iv) ਮੈਂ ਤੇ ਮੇਰੀ ਇੱਛਾ ।

23 ਪੋਸਟਮਾਸਟਰ ਨੂੰ ਪੱਤਰ ਲਿਖਕੇ ਆਪਣੇ ਇਲਾਕੇ ਦੇ ਡਾਕੀਏ ਦੀ ਇਸ ਲਈ ਪ੍ਰਸੰਸਾ ਕਰੋ ਕਿ ਉਹ ਡਾਕਵੰਡਣ ਦਾ ਕੰਮ ਬਹੁਤ ਇਮਾਨਦਾਰੀ ਨਾਲ ਕਰਦਾ ਹੈ । 6

ਜਾਂ

ਦਿੱਲੀ ਦੂਰ ਦਰਸ਼ਨ ਦੇ ਨਿਰਦੇਸ਼ਕ ਨੂੰ ਟੀ.ਵੀ. ਉੱਤੇ ਦਿਖਾਏ ਜਾਂਦੇ ਪ੍ਰੋਗਰਾਮਾਂ ਨੂੰ ਹੋਰ ਚੰਗੇਰਾ ਬਣਾਉਣ ਦੀ ਮੰਗ ਕਰੋ ।

ਵਿਕਲਪ - I (ਅਨੁਵਾਦ)

24 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : 5×3=15

(a) ਪੰਜਾਬੀ ਸਾਹਿਤ ਅੰਦਰ ਅਨੁਵਾਦ ਦਾ ਕਾਰਜ ਉੱਨੀਵੀਂ ਸਦੀ ਵਿੱਚ ਕਦੋਂ ਆਰੰਭ ਹੋਇਆ ? ਫਿਰ ਇਹ ਕਿਵੇਂ ਪ੍ਰਫੁਲਤ ਹੋਇਆ ?

(b) ਦੁਭਾਸ਼ੀਏ ਦੀ ਸੁਣਨ ਅਤੇ ਉਚਾਰਣ ਸ਼ਕਤੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਅਤੇ ਕਿਉਂ ?

(c) ਤੱਤਕਾਲ ਭਾਸ਼ਾਂਤਰਣ ਸਮੇਂ ਭਾਸ਼ਾਂਤਕਾਰ ਲਈ ਕਿਹੜੀਆਂ ਗੱਲਾਂ ਜਰੂਰੀ ਹਨ ?

ਜਾਂ

ਵਿਕਲਪ - II (ਪੰਜਾਬੀ ਸਿਨੇਮਾ)

(a) ਸਿਨੇਮਾ ਅਜੋਕੇ ਸਮੇਂ ਦਾ ਇੱਕ ਤਾਕਤਵਰ ਮਾਧਿਅਮ ਤਾਂ ਹੈ ਹੀ ਇਹ ਦੀਆਂ ਕਿਹੜੀਆਂ ਕਲਾਵਾਂ ਹਨ । 100-125 ਸ਼ਬਦਾਂ ਵਿੱਚ ਲਿਖੋ । 5×3=15

(b) ਪੰਜਾਬੀ ਫ਼ਿਲਮਾ ਦੇ ਵਿਸ਼ੇ-ਵਸਤੂ ਦੇ ਤੌਰ ਤੇ ਜਿਹੜਾ ਪੰਜਾਬੀ ਸਭਿਆਚਾਰ ਦਿਖਾਇਆ ਜਾਂਦਾ ਹੈ, ਇਹ ਕਿਸ ਪ੍ਰਕਾਰ ਦਾ ਹੈ ?

(c) ਆਧੁਨਿਕ ਪੰਜਾਬੀ ਨਾਟਕ ਨੂੰ ਲੀਹਾਂ ਤੇ ਲਿਆਉਣ ਵਾਲੀ ਆਇਰਲੈਂਡ ਦੀ ਔਰਤ ਨੌਰਾ ਰਿਚਰਡ ਸੀ ? ਉਸ ਦੇ ਸੰਬੰਧਕ ਜੀਵਨ ਬਾਰੇ ਦਸਦੀ ਹੋਈ, ਪੰਜਾਬੀ ਨੂੰ ਉਸ ਦੀ ਦੇਣ ਬਾਰੇ ਲਿਖੋ ।